**Municipal Corporation**
**Jalandhar**

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 2.8.2021
# ਦੀ ਕਾਰਵਾਈ

(ਮਤਾ ਨੰ: **451-469)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 2.8.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਕਰਨੇਸ਼ ਸ਼ਰਮਾ, ਕਮਿਸ਼ਨਰ, ਆਈ.ਏ.ਐਸ. ................. ਮੈਂਬਰ ( ਆਨਲਾਇਨ ਹਾਜਰ)
3. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ................ ਮੈਂਬਰ
4. ਸ੍ਰੀ ਗਿਆਨ ਚੰਦ, ਕੌਂਸਲਰ .......................................... ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

ਮਤਾ ਨੰਬਰ:-451

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 22.7.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 22.7.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੋਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 10.6.2021 ਦੀ ਲੰਬਿਤ ਮੱਦਾਂ ਨੰ: 352 ਅਤੇ 353 ਸਬੰਧੀ ਫੈਸਲਾ ਲਿਆ ਗਿਆ ਸੀ ਕਿ ਐਸ.ਈ.(ਓ.ਐਂਡ ਐਮ.) ਸਬੰਧਤ ਠੇਕੇਦਾਰ ਨੂੰ ਨੋਟਿਸ ਦੇ ਕੇ ਅਗਲੀ ਮੀਟਿੰਗ ਵਿਚ ਹਾਜਰ ਹੋਣ ਲਈ ਹਦਾਇਤ ਕਰਨ।ਐਸ.ਈ.(ਓ ਐਂਡ ਐਮ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ ਨੂੰ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਲਿਖ਼ਤੀ ਰੂਪ ਵਿੱਚ, ਵਹਟਸਅੱਪ ਰਾਹੀਂ ਅਤੇ ਟੈਲੀਫੋਨ ਤੇ ਵੀ ਸੂਚਿਤ ਕਰ ਦਿੱਤਾ ਗਿਆ ਸੀ ਅਤੇ ਉਹਨਾਂ ਦੱਸਿਆ ਹੈ ਕਿ ਉਹਨਾਂ ਦੇ ਕਿਸੇ ਰਿਸ਼ਤੇਦਾਰ ਦੀ ਮੌਤ ਹੋ ਜਾਣ ਕਾਰਣ ਉਹ ਅੱਜ ਦੀ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕਦੇ । ਜਿਸ ਤੇ ਫੈਸਲਾ ਹੋਇਆ ਕਿ ਅਗਲੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਉਸ ਨੂੰ ਨੋਟਿਸ ਜਾਰੀ ਕੀਤਾ ਜਾਵੇ।
- ਮਿਤੀ 21.6.2021 ਦੀ ਲੰਬਿਤ ਮੱਦਾ ਨੰ: 375, 376 ਅਤੇ 379 ਸਬੰਧੀ ਫੈਸਲਾ ਹੋਇਆ ਕਿ ਲੰਬਤ ਮੱਦ ਨੰ: 375 ਦੇ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ । ਲੰਬਤ ਮੱਦ ਨੰ: 376 ਅਤੇ 379 ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਵਲੋਂ ਇਹਨਾਂ ਕੰਮਾਂ ਲਈ 10.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਹਨਾਂ ਕੰਮਾਂ ਦੇ ਟੈਂਡਰਾਂ ਨੂੰ 10.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜ਼ੂਰੀ ਦਿੱਤੀ ਜਾਂਦੀ ਹੈ।
- ਮਿਤੀ 22.7.2021 ਦੀ ਮੱਦ ਨੰ: 433 ਵਿੱਚ ਦਰਜ ਮਿਤੀ 16.7.2021 ਦੀ ਲੰਬਤ ਮੱਦ ਨੰ: 431 ਸਬੰਧੀ ਡਿਪਟੀ ਮੇਅਰ ਜੀ ਨੇ ਦੱਸਿਆ ਕਿ ਮਿਸਲ ਉਹਨਾਂ ਨੂੰ ਪ੍ਰਾਪਤ ਹੋ ਗਈ ਹੈ ਅਤੇ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਫੈਸਲਾ ਲੈ ਲਿਆ ਜਾਵੇਗਾ ।
- ਮਿਤੀ 22.7.2021 ਦੀ ਲੰਬਤ ਮੱਦ ਨੰ: 437 ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਇਸ ਕੰਮ ਸਬੰਧੀ ਡਿਟੇਲ ਮੌਕੇ ਤੇ ਕਮੇਟੀ ਮੈਂਬਰਾਂ ਨੂੰ ਦਿੱਤੀ ਗਈ ਪਰ ਕਮੇਟੀ ਮੈਂਬਰਾਂ ਵਲੋਂ ਇਸ ਤਰ੍ਹਾਂ ਮੌਕੇ ਤੇ ਡਿਟੇਲ ਦੇਣ ਤੇ ਰੋਸ਼ ਪ੍ਰਗਟਾਇਆ ਗਿਆ ਅਤੇ ਹਦਾਇਤ ਕੀਤੀ ਗਈ ਕਿ ਅਗਲੀ ਮੀਟਿੰਗ ਦੇ ਅਜੰਡੇ ਵਿੱਚ ਇਸ ਨੂੰ ਲਿਆਂਦਾ ਜਾਵੇ ਤਾਂ ਜ਼ੋ ਇਸ ਸਬੰਧੀ ਫੈਸਲਾ ਲਿਆ ਜਾ ਸਕੇ ।
- ਮਿਤੀ 22.7.2021 ਦੀ ਲੰਬਤ ਮੱਦ ਨੰ: 444 ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਹਾਲੇ ਸਬੰਧਤ ਅਜੰਸੀ ਨਾਲ ਨੈਗੋਸ਼ਿਏਸ਼ਨ ਨਹੀਂ ਹੋ ਸਕੀ ਅਤੇ ਅਗਲੀ ਮੀਟਿੰਗ ਤੱਕ ਇਸ ਮੱਦ ਨੂੰ ਲੰਬਤ ਰੱਖ ਲਿਆ ਜਾਵੇ ।
- ਮਿਤੀ 22.7.2021 ਦੀ ਲੰਬਤ ਮੱਦ ਨੰ: 449 ਸਬੰਧੀ ਐਸ.ਈ.(ਬੀ ਐਂਡ ਆਰ) ਵਲੋਂ ਇਸ ਕੰਮ ਸਬੰਧੀ ਡਿਟੇਲ ਮੌਕੇ ਤੇ ਕਮੇਟੀ ਮੈਂਬਰਾਂ ਨੂੰ ਦਿੱਤੀ ਗਈ ਪਰ ਕਮੇਟੀ ਮੈਂਬਰਾਂ ਵਲੋਂ ਇਸ ਤਰ੍ਹਾਂ ਮੌਕੇ ਤੇ ਡਿਟੇਲ ਦੇਣ ਤੇ ਰੋਸ਼ ਪ੍ਰਗਟਾਇਆ ਗਿਆ ਅਤੇ ਹਦਾਇਤ ਕੀਤੀ ਗਈ ਕਿ ਅਗਲੀ ਮੀਟਿੰਗ ਦੇ ਅਜੰਡੇ ਵਿੱਚ ਇਸ ਮੱਦ ਨੂੰ ਲਿਆਂਦਾ ਜਾਵੇ ਤਾਂ ਜ਼ੋ ਇਸ ਸਬੰਧੀ ਫੈਸਲਾ ਲਿਆ ਜਾ ਸਕੇ ।
- ਮੀਟਿੰਗ ਦੌਰਾਨ ਮਾਨਯੋਗ ਕਮਿਸ਼ਨਰ ਜੀ ਨੇ ਕਮੇਟੀ ਮੈਂਬਰਾਂ ਨੂੰ ਸੂਚਿਤ ਕੀਤਾ ਕਿ ਮਾਨਯੋਗ ਐਮ.ਐਲ.ਏ. ਨਾਰਥ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਲੋਂ ਕਿਹਾ ਗਿਆ ਹੈ ਕਿ ਉਹਨਾਂ ਦੇ ਹਲਕੇ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਜਿਨ੍ਹਾਂ ਵਿੱਚ ਠੇਕੇਦਾਰਾਂ ਵਲੋਂ 10% ਸੇਵਿੰਗ ਤੋਂ ਘੱਟ ਦਿੱਤੀ ਗਈ ਸੀ, ਰੱਦ ਕੀਤੇ ਗਏ ਸਨ । ਜਿਵੇਂ ਕਿ ਪਹਿਲਾਂ ਵੀ ਕਈ ਕੰਮ ਮੁੜ੍ਹ ਵਿਚਾਰੇ ਗਏ ਹਨ, ਉਸੇ ਤਰਜ ਤੇ ਇਹਨਾਂ ਟੈਂਡਰਾਂ ਨੂੰ ਵੀ ਮੁੜ੍ਹ ਵਿਚਾਰਿਆ ਜਾਵੇ ਤਾਂ ਜ਼ੋ ਵਿਕਾਸ ਦੇ ਕੰਮਾਂ ਵਿੱਚ ਤੇਜੀ ਲਿਆਂਦੀ ਜਾ ਸਕੇ । ਪ੍ਰੰਤੂ ਕਮੇਟੀ ਮੈਂਬਰਾਂ ਵਲੋਂ ਇਸ ਨੂੰ ਖ਼ਾਰਜ ਕਰ ਦਿੱਤਾ ਗਿਆ । ਕਮਿਸ਼ਨਰ ਜੀ ਨੇ ਕਮੇਟੀ ਮੈਂਬਰਾਂ ਨੂੰ ਕਿਹਾ ਕਿ ਵਿੱਤ ਅਤੇ ਠੇਕਾ ਕਮੇਟੀ ਵਲੋਂ ਵਿਕਾਸ ਦੇ ਟੈਂਡਰਾਂ ਸਬੰਧੀ ਕੋਈ ਟੈਂਡਰ ਤਾਂ 10% ਸੇਵਿੰਗ ਤੇ ਅਤੇ ਕੋਈ ਟੈਂਡਰ ਘੱਟ ਸੇਵਿੰਗ ਤੇ ਵੀ ਪ੍ਰਵਾਨ ਕੀਤੇ ਜਾ ਰਹੇ ਹਨ ਜ਼ੋ ਕਿ ਵਾਜਬ ਨਹੀਂ ਹੈ । ਸਰਕਾਰ ਦੀਆਂ ਐਸ.ਓ.ਪੀ. ਸਬੰਧੀ ਜਾਰੀ ਹਦਾਇਤਾਂ ਪੱਤਰ ਨੰ: 5/82/2018-2ਸਸ4 ਮਿਤੀ 1.8.2018 ਦੀ ਕਲਾਜ਼ ਨੰ: 6.3 No post tender negotiations shall be carried out by the ULBs with the bidders other than the L01 bidder that too in exceptional circumstances after applying due application of mind and recording valid, logical reasons. ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਸ ਲਈ ਉਹਨਾਂ ਵਲੋਂ ਕਮੇਟੀ ਨੂੰ ਬੇਨਤੀ ਕੀਤੀ ਗਈ ਕਿ ਇਸ ਨਾਲ ਇੱਕ ਤਾਂ ਵਿਕਾਸ ਦੇ ਕੰਮਾਂ ਵਿੱਚ ਦੇਰੀ ਹੁੰਦੀ ਹੈ ਅਤੇ ਇਸ ਦੇ ਨਾਲ ਨਾਲ ਇਹ ਪ੍ਰਥਾ ਸਰਕਾਰੀ ਹਦਾਇਤਾਂ ਦੇ ਅਨੁਕੂਲ ਨਹੀਂ ਹੈ । ਇਸ ਲਈ ਕਮੇਟੀ ਇਸ ਤੇ ਮੁੜ੍ਹ ਗੌਰ ਕਰਨ ਦੀ ਖ਼ੇਚਲ ਕਰੇ ਤਾਂ ਜ਼ੋ ਸਰਕਾਰੀ ਹਦਾਇਤਾਂ ਦੀ ਪਾਲਣਾ ਵੀ ਹੋ ਸਕੇ ਅਤੇ ਵਿਕਾਸ ਦੇ ਕੰਮਾਂ ਵਿੱਚ ਤੇਜੀ ਲਿਆਈ ਜਾ ਸਕੇ ।
- ਵਿੱਤ ਅਤੇ ਠੇਕਾ ਕਮੇਟੀ ਨੂੰ ਪਿੱਛਲੇ ਕੁੱਝ ਮਹੀਨੀਆਂ ਤੋਂ ਲਗਾਤਾਰ ਇਹ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਠੇਕੇਦਾਰ ਪੂਲ ਕਰਕੇ ਟੈਂਡਰ ਭਰਦੇ ਹੋਏ ਸੇਵਿੰਗ ਬਹੁਤ ਘੱਟ ਪਾਉਂਦੇ ਹਨ, ਜਿਸ ਨਾਲ ਕਿ ਨਗਰ ਨਿਗਮ ਦਾ ਵਿੱਤੀ ਨੁਕਸ਼ਾਨ ਹੁੰਦਾ ਹੈ। ਇਸ ਵਿੱਤੀ ਨੁਕਸ਼ਾਨ ਤੋਂ ਬਚਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪਿੱਛਲੇ ਕੁੱਝ ਮਹੀਨੀਆਂ ਤੋਂ

ਜਿਥੇ ਕਿ ਸੰਭਵ ਹੋਵੇ ਠੇਕੇਦਾਰਾਂ (ਐਲ1) ਨਾਲ ਨੈਗੋਸੇਸ਼ਨ ਕਰਨ ਦੀ ਰਿਵਾਇਤ ਸ਼ੁਰੂ ਕੀਤੀ ਗਈ ਹੈ। ਜਿਸ ਨਾਲ ਹੁਣ ਤੱਕ ਨਗਰ ਨਿਗਮ ਨੂੰ ਲੱਖਾਂ ਰੁਪਏ ਦਾ ਸਿੱਧਾ ਫਾਇਦਾ (ਲਿਸਟ ਨਾਲ ਨੱਥੀ) ਹੋ ਚੁੱਕਾ ਹੈ। ਇਸ ਤੋਂ ਇਲਾਵਾ ਇਹ ਕਵਾਇਦ ਸ਼ੁਰੂ ਹੋਣ ਤੋਂ ਬਾਦ ਇਹ ਦੇਖਣ ਵਿੱਚ ਆਇਆ ਹੈ ਕਿ ਹੁਣ ਠੇਕੇਦਾਰਾਂ ਵੱਲੋਂ ਲੈਸ ਜਿਆਦਾ ਭਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਦਾ ਸਿੱਧਾ ਮੁਲਆਂਕਣ ਕਰਨਾ ਤਾਂ ਮੁਸ਼ਕਿਲ ਹੈ ਪ੍ਰੰਤੂ ਇਹ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਸ ਨਾਲ ਨਗਰ ਨਿਗਮ ਨੂੰ ਲੱਖਾਂ ਕਰੋੜਾ ਦਾ ਫਾਇਦਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸਿਰਫ ਉਹ ਜਗ੍ਹਾਂ ਜਿਥੇ ਕਿ ਪੁਰਾਣੇ ਸ਼ਹਿਰ ਦੀਆਂ ਕੁੱਝ ਭੀੜੀਆਂ ਗੱਲੀਆਂ/ਸੜਕਾਂ ਹੋਣ ਜਾਂ ਇਹੋ ਜਿਹੇ ਔਖੇ ਹਾਲਾਤ ਜਿਥੇ ਕਿ ਕਮੇਟੀ ਨੂੰ ਇਹ ਲਗਦਾ ਹੈ ਕਿ ਲੇਬਰ ਅਤੇ ਮਸ਼ੀਨਰੀ ਦਾ ਖਰਚਾਂ ਜਿਆਦਾ ਪੈ ਰਿਹਾ ਹੈ, ਸਿਰਫ ਉਥੇ ਹੀ ਘੱਟ ਲੈਸ ਵਾਲੇ ਠੇਕੇ ਵੀ ਪ੍ਰਵਾਨ ਕੀਤੇ ਜਾ ਰਹੇ ਹਨ।

- ਉਪਰੋਕਤ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

| ਲੜੀ ਨੰ: | ਐਫ ਐਂਡ ਸੀ.ਸੀ. ਮੀਟਿੰਗ ਦੀ ਤਾਰੀਖ | ਮਤਾ ਨੰਬਰ | ਤਖਮੀਨੇ ਦੀ ਰਕਮ (ਲੱਖਾਂ ਵਿੱਚ) | ਸੇਵਿੰਗ (ਪ੍ਰਤੀਸ਼ਤ) | ਸੇਵਿੰਗ ਉਪਰਾਂਤ ਰਕਮ (ਲੱਖਾਂ ਵਿੱਚ) | ਨੈਗੋਸੇਸ਼ਨ ਕਰਨ ਉਪਰੰਤ ਠੇਕੇਦਾਰ ਵੱਲੋਂ ਦਿੱਤੇ ਗਈ ਸੇਵਿੰਗ (ਪ੍ਰਤੀਸ਼ਤ) | ਨੈਗੋਸ਼ੇਸਨ ਕਰਨ ਉਪਰਾਂਤ ਸੇਵਿੰਗ ਰਕਮ (ਲੱਖਾਂ ਵਿੱਚ) | ਨੈਗੋਸ਼ੇਸਨ ਕਰਨ ਉਪਰਾਂਤ ਹੋਇਆ ਵਿੱਤੀ ਲਾਭ (ਲੱਖਾਂ ਵਿੱਚ) |
|---|---|---|---|---|---|---|---|---|
| 1 | 02.08.2021 | 464 | 23.36 | 3.11 | 0.73 | 10.00 | 2.33 | 1.60 |
| 2 | 02.08.2021 | 465 | 18.81 | 7.7 | 1.44 | 11.00 | 2.07 | 0.63 |
| 3 | 16.07.2021 | 419 | 3.60 | 4.04 | 0.15 | 5.00 | 0.18 | 0.03 |
| 4 | 06.07.2021 | 404 | 7.80 | 3.13 | 0.24 | 5.0 | 0.39 | 0.15 |
| 5 | 25.06.2021 | 389 | 30.46 | 5.55 | 1.69 | 8.00 | 2.44 | 0.75 |
| 6 | 25.06.2021 | 393 | 46.17 | 1.61 | 0.74 | 7.90 | 3.65 | 2.91 |
| 7 | 21.06.2021 | 372 | 77.72 | 6.90 | 5.36 | 7.90 | 6.13 | 0.78 |
| 8 | 21.06.2021 | 381 | 7.95 | 6.03 | 0.48 | 9.09 | 0.72 | 0.24 |
| 9 | 10.06.2021 | 365 | 73.22 | 6.90 | 5.05 | 7.90 | 5.78 | 0.73 |
| Total | | | | | | | | 7.82 |

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-452**

ਵਿਸ਼ਾ: Const. of CC flooring street in Bawa Ji wali gali, Lamba Pind, W.No. 6 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 18.88 ਲੱਖ ਟੈਂਡਰ ਅਮਾਊਂਟ ਰੁ: 14.97 ਲੱਖ ਸੇਵਿੰਗ: 20.70%
ਫਰਮ ਦਾ ਨਾਂ:- ਬਲਰਾਮ ਰਾਏ ਮੌਂਗਾ, ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 21.5.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਲਿਖਿਆ ਹੈ ਕਿ Pl. get the conditions of road verified. ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:**-453

ਵਿਸ਼ਾ: Const. of CC flooring in street of Santokhpura near Guru Ravidass Gurudwara, W.No. 59 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 14.21 ਲੱਖ ਟੈਂਡਰ ਅਮਾਊਂਟ ਰੁ: 12.34 ਲੱਖ ਸੇਵਿੰਗ: 13.13%
ਫਰਮ ਦਾ ਨਾਂ:- ਏ.ਪੀ.ਇੰਡਸਟਰੀਜ਼
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 21.5.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–**454

ਵਿਸ਼ਾ: P/L of Cement Concrete on the road of Sawan Nagar backside Flats near Workshop Chowk, W.No. 65 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 32.81 ਲੱਖ ਟੈਂਡਰ ਅਮਾਊਂਟ ਰੁ: 24.98 ਲੱਖ ਸੇਵਿੰਗ: 23.85%
ਫਰਮ ਦਾ ਨਾਂ: ਦੀ ਇੰਦਰਪ੍ਰਸਤ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:– ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:– 05

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 5.3.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–455**

ਵਿਸ਼ਾ: Const. of CC flooring in street of Santokhpura backside Chadha Sweet Shop, W.No. 59 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 10.51 ਲੱਖ    ਟੈਂਡਰ ਅਮਾਉਂਟ ਰੁ: 9.13 ਲੱਖ    ਸੇਵਿੰਗ: 13.13%

ਫਰਮ ਦਾ ਨਾਂ: ਏ.ਪੀ.ਇੰਡਸਟਰੀਜ਼

ਟੈਂਡਰ ਕਾਲ ਕੀਤੇ:– ਪਹਿਲੀ ਵਾਰੀ    ਪ੍ਰਾਪਤ ਹੋਏ ਟੈਂਡਰ:– 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 21.5.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

2.8.2021

ਮਤਾ ਨੰਬਰ:-456

ਵਿਸ਼ਾ: Const. of Park at Gopal Nagar, W.No. 66 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 2.43 ਲੱਖ ਟੈਂਡਰ ਅਮਾਉਂਟ ਰੁ: 2.09 ਲੱਖ ਸੇਵਿੰਗ: 14.13%

ਫਰਮ ਦਾ ਨਾਂ: ਦੀ ਸਤਨਾਮ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ

ਟੈਂਡਰ ਕਾਲ ਕੀਤੇ:- ਤੀਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 21.1.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

2.8.2021

**ਮਤਾ ਨੰਬਰ:–457**

ਵਿਸ਼ਾ: Const. of CC streets Kot Bazaar to Dussehra Ground Dump, W.No. 44 (MC fund)
(ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 41.97 ਲੱਖ ਟੈਂਡਰ ਅਮਾਉਂਟ ਰੁ: 35.96 ਲੱਖ ਸੇਵਿੰਗ: 14.33%
ਫਰਮ ਦਾ ਨਾਂ: ਦੀ ਇੰਦਰਪ੍ਰਸਤ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 3.6.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 22.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:**-458

ਵਿਸ਼ਾ: Const. of CC streets near Ram Leela Ground, W.No. 44 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 29.20 ਲੱਖ ਟੈਂਡਰ ਅਮਾਉਂਟ ਰੁ: 22.92 ਲੱਖ ਸੇਵਿੰਗ: 21.49%
ਫਰਮ ਦਾ ਨਾਂ: ਦੀ ਬਸਤੀ ਨੌ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 3.6.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 22.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–459**

ਵਿਸ਼ਾ: Const. of CC streets near Gurudwara Kalgidhar Sahib, W.No. 44 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 33.74 ਲੱਖ ਟੈਂਡਰ ਅਮਾਉਂਟ ਰੁ: 28.39 ਲੱਖ ਸੇਵਿੰਗ: 15.85%
ਫਰਮ ਦਾ ਨਾਂ: ਦੀ ਬਸਤੀ ਨੌ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:– ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:– 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 3.6.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 22.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–460**

ਵਿਸ਼ਾ: P/L interlocking tiles in village Dhillwan, Part-1, W.No. 10 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 44.75 ਲੱਖ ਟੈਂਡਰ ਅਮਾਉਂਟ ਰੁ: 42.29 ਲੱਖ ਸੇਵਿੰਗ: 5.50%
ਫਰਮ ਦਾ ਨਾਂ: ਦੀ ਇੰਦਰਪ੍ਰਸਤ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:– ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:– 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 15(15) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਨੂੰ ਸੇਵਿੰਗ ਵਧਾਉਣ ਸਬੰਧੀ ਠੇਕੇਦਾਰ ਨਾਲ ਨੈਗੋਸੀਏਸ਼ਨ ਕਰਨ ਲਈ ਕਿਹਾ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 2.7.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **5.50% ਤੋਂ ਵਧਾ ਕੇ 6.50% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ਕਮਿਸ਼ਨਰ ਜੀ ਨੇ ਮਿਤੀ 26.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:**–461

ਵਿਸ਼ਾ: P/L interlocking tiles in Kirti Nagar, Link Nagar, W.No. 15 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 12.43 ਲੱਖ ਟੈਂਡਰ ਅਮਾਉਂਟ ਰੁ: 11.88 ਲੱਖ ਸੇਵਿੰਗ: 4.40%
ਫਰਮ ਦਾ ਨਾਂ: ਦੀ ਏ–ਵਨ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:– ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:– 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 15(26) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 1.7.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **4.40% ਤੋਂ ਵਧਾ ਕੇ 6.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ਕਮਿਸ਼ਨਰ ਜੀ ਨੇ ਮਿਤੀ 26.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-462**

ਵਿਸ਼ਾ: P/L CC in Mohalla Ladowali near Guru Ravidass Gurudwara, W.No. 15 (MC fund)
(ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 15.44 ਲੱਖ ਟੈਂਡਰ ਅਮਾਉਂਟ ਰੁ: 15.05 ਲੱਖ ਸੇਵਿੰਗ: 2.50%
ਫਰਮ ਦਾ ਨਾਂ: ਦੀ ਉਚੱਾ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 107(15) ਮਿਤੀ 1.12.2020 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਨੂੰ ਸੇਵਿੰਗ ਵਧਾਉਣ ਸਬੰਧੀ ਠੇਕੇਦਾਰ ਨਾਲ ਨੈਗੋਸੀਏਸ਼ਨ ਕਰਨ ਲਈ ਕਿਹਾ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 28.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **2.50% ਤੋਂ ਵਧਾ ਕੇ 5.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ਕਮਿਸ਼ਨਰ ਜੀ ਨੇ ਮਿਤੀ 1.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–463**

ਵਿਸ਼ਾ: P/L CC 1:2:4 on streets near Mandi road, Gen. (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 22.82 ਲੱਖ ਟੈਂਡਰ ਅਮਾਉਂਟ ਰੁ: 21.66 ਲੱਖ ਸੇਵਿੰਗ: 5.07%
ਫਰਮ ਦਾ ਨਾਂ: ਵਿਕਾਸ ਧਵਨ
ਟੈਂਡਰ ਕਾਲ ਕੀਤੇ:– ਤੀਜੀ ਵਾਰੀ ਪ੍ਰਾਪਤ ਹੋਏ ਟੈਂਡਰ:– 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 15.2.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 21.7.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **5.07% ਤੋਂ ਵਧਾ ਕੇ 6.07% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ਕਮਿਸ਼ਨਰ ਜੀ ਨੇ ਮਿਤੀ 28.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-464**

ਵਿਸ਼ਾ: Const. of CC streets Chitta School wali gali, W.No. 38 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 23.36 ਲੱਖ ਟੈਂਡਰ ਅਮਾਉਂਟ ਰੁ: 22.63 ਲੱਖ ਸੇਵਿੰਗ: 3.11%
ਫਰਮ ਦਾ ਨਾਂ: ਦੀ ਤੇਜਮੋਹਨ ਨਗਰ ਕੋ.ਆਪ.ਐਲ/ਸੀ ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 25(14) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 7.7.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **3.11% ਤੋਂ ਵਧਾ ਕੇ 5.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ ਕਮਿਸ਼ਨਰ ਜੀ ਨੇ ਮਿਤੀ 22.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਅਜੰਸੀ ਵਲੋਂ ਇਸ ਕੰਮ ਲਈ 10.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 10.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-465**

ਵਿਸ਼ਾ: Const. various CC streets in Dhan Mohalla, W.No. 55 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 18.81 ਲੱਖ ਟੈਂਡਰ ਅਮਾਉਂਟ ਰੁ: 17.48 ਲੱਖ ਸੇਵਿੰਗ: 7.07%
ਫਰਮ ਦਾ ਨਾਂ: ਐਮ.ਐਸ.ਕੰਸਟਰਕਸ਼ਨਸ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਵਲੋਂ ਇਸ ਕੰਮ ਲਈ 11.00% ਸੇਵਿੰਗ ਦੇਣ ਲਈ ਸਹਿਮਤੀ ਦਿੱਤੀ ਗਈ ਹੈ। ਜਿਸ ਤੇ ਕਮੇਟੀ ਵਲੋਂ ਇਸ ਕੰਮ ਦੇ ਟੈਂਡਰ ਨੂੰ 11.00% ਸੇਵਿੰਗ ਤੇ ਪ੍ਰਵਾਨ ਕਰਨ ਦੀ ਮੰਜੂਰੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-466**

ਵਿਸ਼ਾ:- Providing and Laying of Sewerline at Park wali and Mandir Wali gali at Labour Colony W-24 (ਈ-ਟੈਂਡਰ ਪ੍ਰਵਾਨਗੀ ਹਿੱਤ।)

ਤਖਮੀਨਾ ਰੁਪਏ 4,16,000/-
ਰਿਵਾਇਜ਼ ਤਖਮੀਨਾ ਰੁਪਏ 7,19,100/- (ਮਿਤੀ 24.08.20 ਨੂੰ ਨਵਾਂ ਸੀ.ਐਸ.ਆਰ ਜਾਰੀ ਹੋਣ ਉਪਰੰਤ)
ਟੈਂਡਰ ਅਮਾਉਂਟ ਰੁਪਏ 6,69,266/- ਸੇਵਿੰਗ 6.93%
ਫਰਮ ਦਾ ਨਾਮੈ: ਰਾਏ ਲੇਬਰ ਸੁਸਾਈਟੀ
ਟੈਂਡਰ ਕਾਲ ਕੀਤੇ:- ਦੂਸਰੀ ਬਾਰੀ ਪ੍ਰਾਪਤ ਹੋਏ ਟੈਂਡਰ- 2

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਰਿਵਾਇਜ਼ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 17.02.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 20.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:-467**

ਵਿਸ਼ਾ:- Providing and Laying of 10 inch dia Sewerline in Jhansi Colony Ward 17(ਈ-ਟੈਂਡਰ ਪ੍ਰਵਾਨਗੀ ਹਿੱਤ।)

ਤਖਮੀਨਾ ਰੁਪਏ 6,07,456/- ਟੈਂਡਰ ਅਮਾਉਂਟ ਰੁਪਏ 5,92,208/- ਸੇਵਿੰਗ 2.51%
ਫਰਮ ਦਾ ਨਾ ਮੈ: ਦੀ ਆਦਿ ਕੋ-ਆਪ ਐਲ.ਸੀ ਸੁਸਾਈਟੀ
ਟੈਂਡਰ ਕਾਲ ਕੀਤੇ:- ਪਹਿਲੀ ਬਾਰੀ ਪ੍ਰਾਪਤ ਹੋਏ ਟੈਂਡਰ- 3

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 19.3.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 19.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

**ਮਤਾ ਨੰਬਰ:–468**

**ਵਿਸ਼ਾ:–** Providing and Laying of New Sewerline at Globe Colony and Shankar Garden Ward 63 (ਈ–ਟੈਂਡਰ ਪ੍ਰਵਾਨਗੀ ਹਿੱਤ।)

ਤਖਮੀਨਾ ਰੁਪਏ 5,45,000/– ਟੈਂਡਰ ਅਮਾਉਂਟ ਰੁਪਏ 5,31,320/– ਸੇਵਿੰਗ 2.51%
ਫਰਮ ਦਾ ਨਾ ਮੈ: ਦੀ ਆਦਿ ਕੋ–ਆਪ ਐਲ.ਸੀ ਸੁਸਾਈਟੀ
ਟੈਂਡਰ ਕਾਲ ਕੀਤੇ:– ਪਹਿਲੀ ਬਾਰੀ ਪ੍ਰਾਪਤ ਹੋਏ ਟੈਂਡਰ– 3

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 16.04.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ–ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ੳ.ਐਂਡ ਐੱਮ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ੳ.ਐਂਡ ਐਮ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 19.7.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
2.8.2021

ਮਤਾ ਨੰਬਰ:–469

**ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਦੇ ਮਤਾ ਨੰਬਰ 370 ਮਿਤੀ 21.06.2021 ਦੇ ਸਬੰਧ ਵਿੱਚ।**

ਵਿਸ਼ਾ:– **Annual Estimate for Desilting of Sewer line and Manholes with Super Suction Machine in different areas of Ward falling in Zone 2 (For Tender Approval)**

ਪੜਿਆ ਨੋਟ ਮਾਨਯੋਗ ਕਮਿਸ਼ਨਰ ਜੀ ਕਿ ਉਪਰੋਕਤ ਵਿਸ਼ੇ ਅਧੀਨ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮੰਗੇ ਗਏ ਸਨ ਜ਼ੋ ਕਿ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਕੰਮ ਦੇ ਟੈਂਡਰ ਦੀ ਮਿਸਲ ਨੂੰ ਪ੍ਰਵਾਨਗੀ ਲੈਣ ਵਾਸਤੇ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ 354 ਮਿਤੀ 10.06.2021 ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਕਮੇਟੀ ਵੱਲੋਂ ਇਹ ਮੱਦ ਲੰਬਿਤ ਰੱਖਦੇ ਹੋਏ ਇਹ ਫੈਸਲਾ ਕੀਤਾ ਕਿ ਇਸ ਦੀ ਮਿਸਲ ਘੋਖਣ ਹਿਤ ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੂੰ ਦੇ ਦਿੱਤੀ ਜਾਵੇ।

ਜਿਸ ਉਪਰੰਤ ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਵੱਲੋਂ ਇਹ ਮਿਸਲ ਘੋਖਣ ਤੇ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੇ ਮਤਾ ਨੰਬਰ 370 ਮਿਤੀ 26.06.2021 ਵਿੱਚ ਮਿਤੀ 10.06.2021 ਦੀ ਹੋਈ ਮੀਟਿੰਗ ਦੀ ਪੁਸ਼ਟੀ ਦਿੰਦੇ ਹੋਏ ਕਿਹਾ ਹੈ ਕਿ ਸਬੰਧਤ ਠੇਕੇਦਾਰ ਐਨ.ਆਈ.ਟੀ ਦੀਆਂ ਟਰਮਜ ਐਂਡ ਕੰਡੀਸ਼ਨਸ ਫੁਲਫਿਲ ਨਹੀਂ ਕਰਦਾ ਸੀ ਭਾਵ ਉਸ ਵਲੋਂ ਇਸ ਜ਼ੋਨ ਲਈ ਉਹੀ ਮਸ਼ੀਨ ਦੇ ਕਾਗਜ ਜਮ੍ਹਾਂ ਕਰਵਾਏ ਗਏ ਜਿਹੜੇ ਕਿ ਉਸ ਵਲੋਂ ਪਹਿਲਾਂ ਅਲਾਟ ਹੋਏ ਜੋਨ ਨੰਬਰ 1 ਦੇ ਟੈਂਡਰ ਵਿਚ ਜਮ੍ਹਾਂ ਕਰਵਾਏ ਗਏ ਸਨ। ਦਫਤਰ ਵਲੋਂ ਉਸਦੀ ਵਿੱਤੀ ਬਿਡ ਖੋਲੀ ਗਈ ਅਤੇ ਉਸ ਨੂੰ ਕਿਸੇ ਦੂਜੀ ਗੱਡੀ ਦੇ ਕਾਗਜ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਅਤੇ ਅਜੰਸੀ ਵਲੋਂ ਦਫਤਰ ਦੇ ਕਹਿਣ ਤੋਂ ਬਾਅਦ ਦੂਜੀ ਗੱਡੀ ਦੇ ਕਾਗਜ ਜਮ੍ਹਾਂ ਕਰਵਾਏ ਗਏ। ਇੱਥੋਂ ਤੱਕ ਕਿ ਦਫਤਰ ਵਲੋਂ ਇਹ ਕੰਮ ਦੂਜੇ ਐਲ–2 ਠੇਕੇਦਾਰ ਤੋਂ ਕਰਵਾਉਣ ਲਈ ਸਿਫਾਰਸ਼ ਕੀਤੀ ਗਈ ਤਾਂ ਕਮਿਸ਼ਨਰ ਜੀ ਨੇ ਸਪਸ਼ਟ ਸ਼ਬਦਾਂ ਵਿੱਚ ਲਿਖਿਆ ਸੀ ਕਿ As per guidelines, tender to be allotted to L1, if L1 shows its inability to do work, action would be taken against him, as per terms and conditions of Tender. ਸੋ ਕਮੇਟੀ ਇਹ ਫੈਸਲਾ ਲੈਂਦੀ ਹੈ ਕਿ ਕਮਿਸ਼ਨਰ ਜੀ ਇਸ ਮਿਸਲ ਦੀ ਘੋਖ ਕਰਕੇ ਦੋਸ਼ੀ ਅਧਿਕਾਰੀਆਂ/ ਕਰਮਚਾਰੀਆਂ ਅਤੇ ਸਬੰਧਤ ਠੇਕੇਦਾਰ ਵਿਰੁੱਧ ਬਣਦੀ ਕਾਰਵਾਈ ਕਰਕੇ ਰਿਪੋਰਟ ਕਮੇਟੀ ਨੂੰ ਪੇਸ਼ ਕਰਨ।

ਉਪਰੋਕਤ ਮਿਸਲ ਨੂੰ ਘੋਖਣ ਅਤੇ ਮਿਸਲ ਵਿੱਚ ਲਗੇ ਦਸਤਾਵੇਜਾਂ ਅਨੁਸਾਰ ਇਹ ਦਸਿਆ ਜਾਂਦਾ ਹੈ ਕਿ ਸ਼ਹਿਰ ਵਿੱਚ ਸੀਵਰ ਦੀ ਡੀ–ਸਿਲਟਿੰਗ ਸੁਪਰ ਸਕਸ਼ਨ ਰਾਹੀਂ ਕਰਵਾਉਣ ਲਈ ਉਪਰੋਕਤ ਕੰਮ ਜ਼ੋਨ ਨੰਬਰ 2 ਦੇ ਨਾਲ ਬਾਕੀ 7 ਜ਼ੋਨਾਂ ਦੇ ਟੈਂਡਰ ਈ–ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ/ ਸੁਸਾਇਟੀਆਂ ਕੋਲੋਂ ਪਹਿਲੀ ਬਾਰੀ ਮਿਤੀ 22–12–2020 ਲਈ ਮੰਗੇ ਗਏ ਸਨ ਅਤੇ ਕਿਸੇ ਵੀ ਜ਼ੋਨ ਦੇ ਟੈਂਡਰ ਤਕਨੀਕੀ ਪਖੋਂ ਪੂਰੇ ਨਾ ਹੋਣ ਕਾਰਨ ਇਨ੍ਹਾਂ ਟੈਂਡਰ ਨੂੰ ਦੂਸਰੀ ਬਾਰੀ ਰੀ–ਕਾਲ ਕੀਤਾ ਗਿਆ। ਦੂਸਰੀ ਬਾਰੀ ਜ਼ੋਨ ਨੰਬਰ 2 ਤੋਂ ਇਲਾਕਾ ਬਾਕੀ ਸਾਰੇ ਜ਼ੋਨਾਂ ਦੇ ਟੈਂਡਰ ਤਕਨੀਕੀ ਮਿਆਰ ਪਖੋਂ ਪੂਰੇ ਹੋਣ ਕਾਰਨ ਇਨ੍ਹਾਂ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 160 ਮਿਤੀ 19–04–2021 ਰਾਹੀਂ ਦਿੱਤੀ ਗਈ ਪਰੰਤੂ ਉਪਰੋਕਤ ਕੰਮ (ਜ਼ੋਨ ਨੰਬਰ 2) ਦੇ ਟੈਂਡਰ ਤਕਨੀਕੀ ਪਖੋਂ ਪੂਰੇ ਨਾ ਹੋਣ ਕਾਰਨ ਇਸ ਨੂੰ ਤੀਸਰੀ ਬਾਰੀ ਰੀ–ਕਾਲ ਕਰਕੇ ਮਿਤੀ 08–04–2021 ਰਾਹੀਂ ਟੈਂਡਰ ਮੰਗੇ ਗਏ ਕੇਵਲ 2 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਮਿਆਰ ਪਖੋਂ ਪੂਰੀਆਂ ਹੋਣ ਕਾਰਨ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ M/s HP Co. op L/c Society, Malout ਦਾ ਰੇਟ ਸਬ ਤੋਂ ਘੱਟ ਪਾਇਆ ਗਿਆ। ਇਸ ਕੇਸ ਨੂੰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਕਰਨ ਤੋਂ ਪਹਿਲਾਂ ਨਿਗਰਾਨ ਇੰਜੀਨੀਅਰ ਦੇ ਧਿਆਨ ਵਿੱਚ ਆਇਆ ਕਿ ਸੁਸਾਇਟੀ ਵਲੋਂ ਜ਼ੋਨ ਨੰਬਰ 2 ਦੇ ਕੰਮ ਦੇ ਟੈਂਡਰ ਵਿੱਚ ਜ਼ੋ ਸੁਪਰ ਸਕਸ਼ਨ ਮਸ਼ੀਨਾਂ ਦੇ ਦਸਤਾਵੇਜ਼ ਦਰਜ ਕਰਵਾਏ ਗਏ ਸਨ, ਉਹੀ ਦਸਤਾਵੇਜ਼ ਇਸ ਸੁਸਾਇਟੀ ਵਲੋਂ ਜ਼ੋਨ ਨੰਬਰ 1 ਵਿੱਚ ਲਏ ਕੰਮ ਦੇ ਵਿੱਚ ਦਰਜ ਕਰਵਾਏ ਗਏ ਸਨ। ਕਿਉਂ ਜ਼ੋ ਨਗਰ ਨਿਗਮ ਵਲੋਂ ਪ੍ਰਕਾਸ਼ਿਤ ਟੈਂਡਰ ਵਿੱਚ ਦਰਸ਼ਾਈ ਗਈ ਟਰਮਜ ਐਂਡ ਕੰਡੀਸ਼ਨਜ ELIGIBILITY CRITERIA ਦੇ ਲੜੀ ਨੰਬਰ 3 ਅਨੁਸਾਰ Bidder must quote with One Independent machine for each zone and accordingly proof of ownership should be attached with each tender ਲਗਾਈ ਗਈ ਸੀ, ਉਸ ਅਨੁਸਾਰ ਸੁਸਾਇਟੀ ਵਲੋਂ ਦੂਸਰੀ ਸੁਪਰ ਸਕਸ਼ਨ ਮਸ਼ੀਨ ਦੇ ਦਸਤਾਵੇਜ਼ ਦਰਜ ਕਰਵਾਉਣੇ ਬਣਦੇ ਸਨ।

ਇਸ ਸ਼ਰਤ ਨੂੰ ਧਿਆਨ ਵਿੱਚ ਰਖਦੇ ਹੋਏ ਨਿਗਰਾਨ ਇੰਜੀਨੀਅਰ ਵਲੋਂ M/s HP Co. op L/c Society, Malout ਤੋਂ ਜ਼ੋਨ ਨੰਬਰ 2 ਵਾਸਤੇ ਦੂਸਰੀ ਸੁਪਰ ਸਕਸ਼ਨ ਮਸ਼ੀਨ ਦੇ Ownership proof ਦਰਜ ਕਰਵਾਉਣ ਬਾਬਤ ਪੱਤਰ ਨੰਬਰ ਐਸ.ਈ/989 ਮਿਤੀ 16.04.2021 ਰਾਹੀਂ ਜਾਰੀ ਕੀਤਾ ਗਿਆ ਸੀ, ਜਿਸ ਦਾ ਜੁਆਬ ਸੁਸਾਇਟੀ ਵਲੋਂ ਈ–ਮੇਲ ਰਾਹੀਂ ਮਿਤੀ 29–04–2021 ਦਿੰਦੇ ਹੋਏ ਕਿਹਾ ਗਿਆ ਕਿ ਜ਼ੋ ਸੁਪਰ ਸਕਸ਼ਨ ਮਸ਼ੀਨ ਜ਼ੋਨ ਨੰਬਰ 2 ਵਿੱਚ ਕੰਮ ਕਰਨ ਵਾਸਤੇ ਵਰਤੀ ਜਾਣੀ ਸੀ, ਉਹ ਸੁਪਰ ਸਕਸ਼ਨ ਮਸ਼ੀਨ ਦਿੱਲੀ ਵਿੱਚ ਕੋਵਿਡ–19 ਮਹਾਮਾਰੀ ਕਾਰਨ ਹੋਏ ਲਾਕਡਾਊਨ ਕਾਰਨ ਉਥੇ ਦੇ ਲੀਤੇ ਕੰਮ ਮੁਕੰਮਲ ਨਾ ਹੋਣ ਕਾਰਨ ਅਜੇ ਜਲੰਧਰ ਨਹੀਂ ਆ ਸਕਦੀ, ਜੇਕਰ ਵਿਭਾਗ ਨੂੰ ਕੰਮ ਕਰਵਾਉਣ ਵਿੱਚ ਜਲਦੀ ਹੈ ਤਾਂ ਉਹ ਦੂਸਰੀ ਅਜੰਸੀ (L2 Bidder) ਤੋਂ ਜ਼ੋਨ ਨੰਬਰ 2 ਦਾ ਸੁਪਰ ਸਕਸ਼ਨ ਮਸ਼ੀਨ ਰਾਹੀਂ ਕੰਮ ਕਰਵਾ ਸਕਦੇ ਹਨ, ਜਿਸ ਵਿੱਚ M/s HP Co. op L/c Society, Malout ਨੂੰ ਕੋਈ ਇਤਰਾਜ ਨਹੀਂ ਹੈ। ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਨਿਗਰਾਨ ਇੰਜੀਨੀਅਰ ਵਲੋਂ ਪੱਤਰ ਨੰਬਰ ਐਸ.ਈ/1028 ਮਿਤੀ 03–05–2021 ਰਾਹੀਂ ਇਸ ਕੰਮ ਦੇ ਟੈਂਡਰ ਵਿੱਚ ਹਿਸਾ ਲੈਣ ਵਾਲੀ ਦੂਸਰੀ ਅਜੰਸੀ M/s Malwa and Co. New Delhi ਨੂੰ ਲਿਖਿਆ ਗਿਆ ਕਿ ਜੇਕਰ ਤੁਹਾਡੀ ਅਜੰਸੀ L1 Bidder ਵਲੋਂ ਦਿੱਤੀ ਗਈ ਸੇਵਿੰਗ 7.75% ਤੇ ਕੰਮ ਕਰਨ ਤੇ ਸਹਿਮਤੀ ਜਤਾਉਂਦੀ ਹੈ ਤਾਂ ਨਗਰ ਨਿਗਮ ਵਲੋਂ ਇਹ ਕੰਮ ਤੁਹਾਨੂੰ ਅਲਾਟ ਕੀਤਾ ਜਾ ਸਕਦਾ ਹੈ। ਇਸ ਉਪਰੰਤ M/s Malwa and Co. New Delhi ਵਲੋਂ ਆਪਣੀ ਈ–ਮੇਲ ਮਿਤੀ 05–05–2021 ਨੂੰ ਜ਼ੋਨ ਨੰਬਰ 2 ਦਾ ਕੰਮ 7.75% ਸੇਵਿੰਗ ਤੇ ਕਰਨ ਲਈ ਆਪਣੀ ਸਹਿਮਤੀ ਜਤਾਉਣ ਕਾਰਨ ਨਿਗਰਾਨ ਇੰਜੀਨੀਅਰ ਵਲੋਂ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਗਈ ਪਰੰਤੂ ਨਿਮਨ ਹਸਤਾਖਰ ਵਲੋਂ ਮਿਤੀ 10.05.2021 ਰਾਹੀਂ ਇਸ ਕੰਮ ਦੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਸਨੰਮੁੱਖ

ਪੇਸ਼ ਕਰਨ ਤੋਂ ਪਹਿਲਾ ਕੁਮੈਂਟਸ ਲਿਖਦੇ ਹੋਏ ਕਿਹਾ ਸੀ ਕਿ " If L1 shows its inability to work, action be taken against him as per terms and conditions of Tender."

ਇਸ ਕੁਮੈਂਟਸ ਅਨੁਸਾਰ ਨਿਗਰਾਨ ਇੰਜੀਨੀਅਰ ਵਲੋਂ M/s HP Co. op L/c Society, Malout ਨੂੰ ਆਪਣੇ ਪੱਤਰ ਨੰਬਰ ਐਸ.ਈ/1121 ਮਿਤੀ 12-05-2021 ਰਾਹੀਂ ਹਦਾਇਤ ਦਿੰਦੇ ਹੋਏ ਕਿਹਾ ਕਿ ਜੇਕਰ ਇਸ ਸੁਸਾਇਟੀ ਕੋਲ ਜ਼ੋਨ ਨੰਬਰ 2 ਵਿੱਚ ਕੰਮ ਕਰਨ ਵਾਸਤੇ ਦੂਸਰੀ ਸੁਪਰ ਸਕਸ਼ਨ ਮਸ਼ੀਨ ਹੈ ਤਾਂ ਉਸ ਦੇ ਦਸਤਾਵੇਜ਼ ਨਿਗਰਾਨ ਇੰਜੀਨੀਅਰ ਦੇ ਦਫਤਰ ਵਿੱਚ 2 ਦਿਨ ਦੇ ਅੰਦਰ-ਅੰਦਰ ਪੇਸ਼ ਕੀਤੇ ਜਾਣ। ਦਸਤਾਵੇਜ਼ ਦਰਜ ਨਾ ਕਰਾਉਣ ਦੀ ਸੂਰਤ ਵਿੱਚ ਇਸ ਸੁਸਾਇਟੀ ਤੇ ਟੈਂਡਰ ਵਿੱਚ ਦਰਸ਼ਾਈ ਟਰਮਜ਼ ਕੰਡੀਸ਼ਨ ਅਤੇ ਫਾਰਮ ਐਮ.ਡਬਲਯੂ ਅਨੁਸਾਰ ਅਗਲੀ ਕਾਰਵਾਈ ਅਰੰਭੀ ਜਾਵੇਗੀ। ਨਿਗਰਾਨ ਇੰਜੀਨੀਅਰ ਵਲੋਂ ਜਾਰੀ ਇਸ ਪੱਤਰ ਦੇ ਸਨੰਦਰਭ ਵਿੱਚ ਸੁਸਾਇਟੀ ਵਲੋਂ ਈ-ਮੇਲ ਮਿਤੀ 17-05-2021 ਰਾਹੀਂ ਜ਼ੋਨ ਨੰਬਰ 2 ਵਾਸਤੇ ਦੂਸਰੀ ਸੁਪਰ ਸਕਸ਼ਨ ਮਸ਼ੀਨਾਂ ਦੇ ਦਸਤਾਵੇਜ਼ ਦਰਜ ਕਰਵਾਏ ਗਏ। ਇਨ੍ਹਾਂ ਦਸਤਾਵੇਜਾਂ ਅਨੁਸਾਰ ਨਿਗਰਾਨ ਇੰਜੀਨੀਅਰ ਵਲੋਂ ਜ਼ੋਨ ਨੰਬਰ 2 ਦੇ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕੀਤਾ ਗਿਆ।

ਉਪਰੋਕਤ ਤੱਥਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਕੰਮ ਵਿੱਚ ਕਿਸੇ ਵੀ ਸੁਸਾਇਟੀ/ ਠੇਕੇਦਾਰ ਅਤੇ ਕਰਮਚਾਰੀ/ ਅਧਿਕਾਰੀ ਵਲੋਂ ਕੋਤਾਹੀ ਨਹੀਂ ਵਰਤੀ ਗਈ ਹੈ। ਮਾਨਯੋਗ ਹਲਕਾ ਵਿਧਾਇਕ ਜੀ ਵਲੋਂ ਵੀ ਜ਼ੋਨ ਨੰਬਰ 2 ਵਿੱਚ ਸੀਵਰ ਦੀ ਸਫਾਈ ਸੁਪਰ ਸਕਸ਼ਨ ਮਸ਼ੀਨ ਨਾਲ ਕਰਵਾਉਣ ਦੇ ਕੰਮ ਨੂੰ ਪਹਿਲ ਦੇ ਅਧਾਰ ਤੇ ਕਰਵਾਉਣ ਲਈ ਬਾਰ-ਬਾਰ ਕਿਹਾ ਜਾ ਰਿਹਾ ਹੈ। ਇਸ ਲਈ ਪਬਲਿਕ ਹਿੱਤ ਅਤੇ ਬਰਸਾਤਾਂ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਹਲਕਾ ਵਿਧਾਇਕ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ। ਸਬੰਧਤ ਠੇਕੇਦਾਰ M/s HP Co. op L/c Society, Malout ਵਲੋਂ ਵੀ ਸਹਿਮਤੀ ਜਤਾਈ ਹੈ ਕਿ ਕੰਮ ਅਲਾਟ ਹੋਣ ਉਪਰੰਤ ਜ਼ੋਨ ਨੰਬਰ 2 ਵਿੱਚ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਸੀਵਰ ਦੀ ਸਫਾਈ ਕਰਵਾਉਣ ਵਾਸਤੇ ਅਗਲੇ ਦਿਨ ਹੀ ਮਸ਼ੀਨਾ ਮੁਹਈਆ ਕਰਵਾ ਦਿੱਤੀਆਂ ਜਾਣਗੀਆਂ। ਇਸ ਲਈ ਇਹ ਕੇਸ ਮੁੜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਫੈਸਲੇ ਹਿੱਤ ਭੇਜਿਆ ਜਾਂਦਾ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.7.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 470 ਤੋਂ 471 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।

ਮੇਅਰ
2.8.2021

**ਮਤਾ ਨੰਬਰ:-470**
**ਵਿਸ਼ਾ:- ਡਿਸਪੈਂਸਰੀਆਂ ਲਈ ਦਵਾਈਆਂ ਦੀ ਖਰੀਦ ਕਰਨ ਬਾਰੇ।**

ਤਖਮੀਨਾਂ ਰੁ: 5,35,941/-
ਟੈਂਡਰ ਅਮਾਉਂਟ: 3,96,596/- ਸੇਵਿੰਗ 26.00%
ਫਰਮ ਦਾ ਨਾਮ: ਸ੍ਰੀ ਅਸ਼ਵਨੀ ਕੁਮਾਰ ਕਾਲੀਆ
ਟੈਂਡਰ ਕਾਲ ਕੀਤੇ : ਤੀਜੀ ਬਾਰੀ ਪ੍ਰਾਪਤ ਹੋਏ ਟੈਂਡਰ - 1

ਪੜ੍ਹਿਆ ਨੋਟ ਸੁਪਰਡੰਟ ਸਟੋਰ ਕਿ ਨਗਰ ਨਿਗਮ ਜਲੰਧਰ ਦੀ ਹਦੂਦ ਵਿੱਚ ਪੈਂਦੀਆਂ ਵੱਖ-ਵੱਖ ਡਿਸਪੈਂਸਰੀਆਂ ਦੇ ਸਟਾਫ ਵੱਲੋ ਮੰਗ ਕੀਤੀ ਹੈ ਕਿ ਜ਼ੋ ਮਰੀਜ ਦਵਾਈਆਂ ਲੈਣ ਆਉਂਦੇ ਹਨ, ਉਹ ਡਿਸਪੈਂਸਰੀ ਵਿੱਚ ਉਪਲਬਧ ਨਹੀ ਹਨ। ਇਸ ਨੂੰ ਮੁੱਖ ਰਖਦੇ ਹੋਏ ਹੈਲਥ ਸ਼ਾਖਾ ਵੱਲੋ ਸੁਪਰਡੰਟ ਸਟੋਰ ਨੂੰ ਸਾਲ 2021-22 ਲਈ ਦਵਾਈਆਂ ਦੀ ਖਰੀਦ ਕਰਨ ਵਾਸਤੇ ਮੰਗ ਕੀਤੀ ਹੈ। ਇਸਨੂੰ ਮੁੱਖ ਰਖਦੇ ਹੋਏ ਸੁਪਰਡੰਟ ਸਟੋਰ ਵੱਲੋ ਇਹ ਦਵਾਈਆਂ ਦੀ ਖਰੀਦ ਕਰਨ ਵਾਸਤੇ ਤਖਮੀਨਾ ਰੁ: 5,35,941/- ਦਾ ਤਿਆਰ ਕੀਤਾ ਗਿਆ ਹੈ।

ਤਖਮੀਨੇ ਦੀ ਪ੍ਰਵਾਨਗੀ ਇਨ ਐਂਨਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 20-02-2021 ਰਾਂਹੀ ਦਿੱਤੀ ਗਈ।ਉਕਤ ਕੰਮ ਦੇ ਟੈਂਡਰ ਈ- ਟੈਡਰਿੰਗ ਪ੍ਰਣਾਲੀ ਰਾਂਹੀ ਮਿਤੀ 05-04-2021 ਰਾਹੀਂ ਮੰਗੇ ਗਏ, ਪੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 23-04-2021 ਰਾਂਹੀ ਮੰਗੇ ਗਏ, ਕੁੱਲ 2 ਟੈਂਡਰ ਪ੍ਰਾਪਤ ਹੋਏ। ਉਕਤ ਕੰਮ ਦੀ ਸ਼ਿਕਾਇਤ ਮਾਨਯੋਗ ਮੇਅਰ ਸਾਹਿਬ ਜੀ ਕੋਲ ਆਉਣ ਤੇ ਇਸ ਕੰਮ ਦੇ ਵਿੱਚ ਕਮਿਸ਼ਨਰ ਸਾਹਿਬ ਜੀ ਵੱਲੋ ਮਿਤੀ 10-05-2021 ਨੂੰ ਇੰਕੁਆਰੀ ਲਗਾਈ ਗਈ ਸੀ ਕਿ ਉਹ ਹੀ ਸਪਲਾਇਰ ਲੀਜੀਵਲ ਹੋਵੇਗਾ ਜਿਸ ਕੋਲ ਡਰਗਸ ਦਾ ਲਾਈਸੈਂਸ ਹੋਵੇਗਾ। ਉਕਤ ਕੰਮ ਦੇ ਟੈਂਡਰ ਤੀਜੀ ਬਾਰੀ ਮਿਤੀ 25-06-2021 ਰਾਂਹੀ ਮੰਗੇ ਗਏ ਅਤੇ ਕੁੱਲ 1 ਟੈਂਡਰ ਮੈਸਰਜ DESI AMIGOS LLP ਸਪਲਾਇਰ ਦਾ ਘੱਟ ਅਤੇ ਵਾਜਬ ਰੇਟ ਰੁ: 3,96,596/- ਵਿੱਚ ਦਵਾਈਆਂ ਦੀ ਸਪਲਾਈ ਕਰੇਗਾ। ਉਕਤ ਫਰਮ ਕੋਲੋ ਦਵਾਈਆਂ ਦੀ ਖਰੀਦ ਕਰਨ ਦੀ ਪ੍ਰਵਾਨਗੀ ਲਈ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਿਸ਼ ਹਿੱਤ ਪੇਸ਼ ਹੈ। ਹੈਲਥ ਅਫਸਰ ਨੇ ਸਹਿਮਤੀ ਦਿੱਤੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.8.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
2.8.2021

ਮਤਾ ਨੰਬਰ:-471
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਬੀ. ਐਂਡ ਆਰ. ਸ਼ਾਖਾ ਦੇ ਵਿਕਾਸ ਕੰਮਾਂ ਦੇ ਜੋ ਟੈਂਡਰ ਲਗਾਏ ਗਏ ਸਨ ਉਹਨਾਂ ਵਿੱਚੋਂ ਹੇਠ ਲਿਖੇ ਅਨੁਸਾਰ ਟੈਂਡਰ ਪ੍ਰਾਪਤ ਕੀਤੇ ਗਏ ਹਨ:-

ਰੁਪਏ ਲੱਖਾਂ ਵਿੱਚ

| Urban Environment Improvement Program Ph-II | | | | | | | | | |
|---|---|---|---|---|---|---|---|---|---|
| **Sr. No.** | **W. No.** | **Name of Work** | **BOQ/ Sanctioned Amt.** | **Saving %age** | **Tender Amt.** | **Name of Agency** | **Tender called (No. of Times)** | **No. of Tenders Received** | **House Approval** |
| 1 | 21 | Const. of Park in Atwal Colony | 5.02 | 5.06 | 4.77 | Amarnath & Sons | 1 | 4 | Anti. 18.5.21 |
| 2 | 25 | Renovation and repair of Park | 4.90 | 5.06 | 4.65 | Amarnath & Sons | 1 | 4 | Anti. 18.5.21 |
| 3 | 24 | Const. of various streets at Chota Sabowal in interlocking tiles | 20.58 | 3.00 to 5.00 (after negotiation) | 19.55 | The Ucha Co.op L/C Society Ltd. | 1 | 3 | Anti. 18.5.21 |
| 4 | 25 | P/F of interlocking tiles in DC Nagar | 24.28 | 5.68 | 22.90 | The Suraj Co.op L/C Society Ltd. | 1 | 3 | Anti. 18.5.21 |
| 5 | 29 | Const. of park in Panchsheel Colony | 5.98 | 6.01 | 5.62 | Naunihal Contractor | 1 | 4 | Anti. 18.5.21 |
| 6 | 25 | Const. of streets with interlocking tiles in Dashmesh Avenue | 6.09 | 2.99 | 5.91 | The Tej Mohan Nagar Co.op L/C Society Ltd. | 1 | 3 | Anti. 18.5.21 |
| 7 | Gen | Const. of park in Lamber Colony, Deep Nagar | 5.15 | 4.04 | 4.94 | Radhey Krishna | 1 | 3 | Anti. 18.5.21 |
| 8 | Gen | Const. of park at Village Dhina | 8.11 | 4.04 to 5.00 (after negoatiation) | 7.70 | Radhey Krishna | 1 | 3 | Anti. 18.5.21 |
| 9 | 23 | Renovation and repair of Satguru Kabir park | 1.77 | 6.01 | 1.66 | Naunihal Contractor | 1 | 6 | Anti. 18.5.21 |
| 10 | 8 | P/L BM & BC in Sunshine Colony | 18.50 | 10.88 | 16.49 | Satish Aggarwal & Co. | 2 | 1 | Anti. 18.5.21 |
| 11 | 21 | Renovation and | 3.19 | 4.04 to | 3.03 | Radhey | 1 | 4 | Anti. |

| | | | | | | | | | |
|---|---|---|---|---|---|---|---|---|---|
| | | repair of Modern Colony park | | 5.00 (after negoat iation) | | Krishna | | | 18.5.21 |
| 12 | 29 | Widening of road no. 2 in Doordarshan Enclave in BM-PC | 11.31 | 12.88 | 9.85 | Satish Aggarwal & Co. | 13 | 1 | 100(66) 1.12.2020 |
| 13 | 28 | P/L of BM PC on streets in Kulwant Colony | 38.82 | 16.08 | 32.58 | Satish Aggarwal & Co. | 2 | 2 | Anti. 18.5.21 |

ਕਾਰਜਕਾਰੀ ਇੰਜੀਨੀਅਰ, ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਅਤੇ ਸੰਯੁਕਤ ਕਮਿਸ਼ਨਰ (ਅ) ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

2.8.2021